# ਭਗਤ ਜੈ ਦੇਵ : ਜੀਵਨ ਤੇ ਸੰਦੇਸ਼

ਡਾ: ਪ੍ਰਿਤਪਾਲ ਸਿੰਘ ਮਹਿਰੋਕ
ਮੁਖੀ, ਪੰਜਾਬੀ ਵਿਭਾਗ
ਸਰਕਾਰੀ ਕਾਲਜ, ਹੁਸ਼ਿਆਰਪੁਰ

ਅਧਿਆਤਮਵਾਦ ਦੇ ਰੰਗ ਵਿੱਚ ਰੰਗਿਆ ਹੋਇਆ ਭਾਰਤ ਦੇਸ਼ ਸੰਤਾਂ-ਮਹਾਤਮਾਵਾਂ, ਗੁਰੂਆਂ, ਪੀਰਾਂ, ਫ਼ਕੀਰਾਂ ਅਤੇ ਭਗਤਾਂ ਦੀ ਚਰਨ ਛੋਹ ਨਾਲ ਵਰੋਸਾਈ ਧਰਤੀ ਹੈ। ਇਥੋਂ ਦੀਆਂ ਹਵਾਵਾਂ ਵਿੱਚ ਗੁਰੂਆਂ, ਭਗਤਾਂ, ਸੰਤਾਂ ਦੀ ਬਾਣੀ ਦਾ ਮਧੁਰ ਰਸ ਘੁੱਲਦਾ ਰਿਹਾ ਹੈ ਤੇ ਲੋਕਾਂ ਦੇ ਜੀਵਨ ਨੂੰ ਮੰਤਰ-ਮੁਗਧ ਕਰਦਾ ਆਇਆ ਹੈ। ਇਥੇ ਚੱਲਣ ਵਾਲੀਆਂ ਭਗਤੀ ਦੀਆਂ ਵੱਖ-ਵੱਖ ਲਹਿਰਾਂ ਲੋਕਾਂ ਨੂੰ ਆਪਣੇ ਨਾਲ ਭਾਵਨਾਤਮਕ ਤੌਰ 'ਤੇ ਜੋੜਦੀਆਂ ਰਹੀਆਂ ਹਨ। ਭਗਤੀ ਦੀ ਜੋ ਲਹਿਰ ਦੱਖਣੀ ਭਾਰਤ ਵਿੱਚੋਂ ਉੱਠੀ ਤੇ ਜਿਸ ਨੇ ਮੱਧ ਭਾਰਤ ਵਿੱਚ ਸ੍ਰੀ ਰਾਮਾਨੰਦ ਜੀ, ਭਗਤ ਕਬੀਰ ਜੀ ਅਤੇ ਭਗਤ ਰਵਿਦਾਸ ਜੀ ਪੈਦਾ ਕੀਤੇ, ਦਾ ਪ੍ਰਭਾਵ ਪੂਰਬੀ ਭਾਰਤ ਉੱਤੇ ਵੀ ਪੈਂਦਾ ਰਿਹਾ। ਬੰਗਾਲ ਨੂੰ ਉਂਜ ਵੀ ਗਾ ਰਹੇ ਪੰਛੀਆਂ ਦਾ ਆਲ੍ਹਣਾ ਕਿਹਾ ਜਾਂਦਾ ਹੈ। ਇਸ ਪ੍ਰਾਂਤ ਵਿੱਚ ਭਗਤੀ ਕਾਵਿ, ਰਾਗ ਅਤੇ ਪੁਰਾਤਨ ਸਭਿਅਤਾ ਦਾ ਜੋ ਵਿਰਸਾ ਪਾਇਆ ਜਾਂਦਾ ਹੈ, ਉਸ ਨੂੰ ਰਚਨਾਤਮਕ ਉਛਾਲ ਪ੍ਰਦਾਨ ਕਰਵਾਉਣ ਵਿੱਚ ਭਗਤ ਜੈ ਦੇਵ ਜੀ ਦਾ ਵੀ ਅਹਿਮ ਹਿੱਸਾ ਹੈ।

ਭਗਤ ਜੈ ਦੇਵ ਜੀ ਦੇ ਜਨਮ ਸਬੰਧੀ ਇਤਿਹਾਸਕਾਰਾਂ ਵਿੱਚ ਮਤਭੇਦ ਪਾਏ ਜਾਂਦੇ ਹਨ। ਰਾਧਾ ਕ੍ਰਿਸ਼ਨ ਦਾਸ ਜੀ ਨੇ ਆਪਣੀ ਪੁਸਤਕ 'ਭਗਤ ਨਾਮਾਵਲੀ' ਵਿੱਚ ਭਗਤ ਜੈ ਦੇਵ ਜੀ ਦੇ ਮਾਤਾ-ਪਿਤਾ ਦੇ ਜੀਵਨ ਕਾਲ ਦਾ ਸੰਮਤ 1025 ਈ: ਤੋਂ 1050 ਈਸਵੀ ਅਰਥਾਤ 1082 ਬਿਕਰਮੀ ਤੋਂ 1107 ਬਿਕਰਮੀ ਤੱਕ ਦਾ ਦਿੱਤਾ ਹੈ। ਕੁੱਝ ਵਿਦਵਾਨ ਭਗਤ ਜੈ ਦੇਵ ਜੀ ਨੂੰ ਰਾਮਾਨੰਦ ਜੀ ਤੋਂ ਕੁੱਝ ਸਮਾਂ ਪਹਿਲਾਂ ਹੋਇਆ ਮੰਨਦੇ ਹਨ।

ਭਗਤ ਜੈ ਦੇਵ ਜੀ ਦਾ ਜਨਮ ਪਿੰਡ ਕੇਂਦਲੀ, ਪਰਗਨਾ ਬੀਰ ਭੂਮ (ਬੰਗਾਲ) ਵਿਖੇ ਹੋਇਆ। ਆਪ ਦੇ ਪਿਤਾ ਦਾ ਨਾਮ ਸ੍ਰੀ ਭੋਜ ਦੇਵ ਤੇ ਮਾਤਾ ਦਾ ਨਾਮ ਸ੍ਰੀ ਮਤੀ ਬਾਮ ਦੇਵੀ ਸੀ। ਉਹ ਕਨੌਜੀ ਬ੍ਰਾਹਮਣਾਂ ਦੇ ਖਾਨਦਾਨ ਵਿੱਚੋਂ ਸਨ। ਜੈ ਦੇਵ ਜੀ ਦਾ ਬਚਪਨ ਪਿੰਡ ਵਿੱਚ ਹੀ ਗੁਜ਼ਰਿਆ। ਮਾਪਿਆਂ ਨੇ ਉਹਨਾਂ ਨੂੰ ਬਚਪਨ ਵਿੱਚ ਸੰਸਕ੍ਰਿਤ ਦੀ ਪੜ੍ਹਾਈ ਹਾਸਲ ਕਰਨ ਦਾ ਅਵਸਰ ਪ੍ਰਦਾਨ ਕੀਤਾ। ਨਤੀਜੇ ਵਜੋਂ ਉਹ ਸੰਸਕ੍ਰਿਤ ਦੇ ਚੰਗੇ ਵਿਦਵਾਨ ਬਣ ਗਏ। ਕਾਵਿ ਦੇ ਰਾਗ ਪ੍ਰਤੀ ਉਹ ਵਿਸ਼ੇਸ਼ ਰੁਚੀ ਰੱਖਦੇ ਸਨ। ਇਤਿਹਾਸਕਾਰਾਂ ਨੇ ਉਨ੍ਹਾਂ ਨੂੰ 'ਕਾਵਿ ਦਾ ਅਵਤਾਰ' ਤੇ 'ਰਾਗ ਦਾ ਖ਼ਜ਼ਾਨਾ' ਕਹਿ ਕੇ ਸਤਿਕਾਰਿਆ। ਬੰਗਾਲ ਦੇ ਰਾਜਾ ਲਛਮਣ ਸੈਨ ਨੇ ਉਹਨਾਂ ਨੂੰ ਦਰਬਾਰੀ ਕਵੀਆਂ ਵਿੱਚ ਸ਼ਾਮਲ ਕਰਨ ਦੀ ਖੁਸ਼ੀ ਹਾਸਲ ਕੀਤੀ। ਰਾਜੇ ਦੇ ਦਰਬਾਰ ਵਿੱਚ ਪੰਜ 'ਕਵੀ ਰਤਨ' ਸਨ, ਜਿਹਨਾਂ ਵਿੱਚੋਂ ਇਕ ਜੈ ਦੇਵ ਜੀ ਵੀ ਸਨ।

ਰਾਜ ਦਰਬਾਰ ਦੇ ਕਵੀ ਹੁੰਦਿਆਂ ਹੋਇਆਂ ਵੀ ਆਪ ਫਕੀਰੀ ਸੁਭਾਅ ਦੇ ਮਾਲਕ ਬਣੇ ਰਹੇ। ਗਲ ਖ਼ਫਨੀ ਪਹਿਨ ਕੇ, ਹੱਥ ਵਿੱਚ ਚਿੱਪੀ ਫੜ੍ਹ ਕੇ, ਫਕੀਰੀ ਬਾਣਾ ਧਾਰਨ ਕਰਕੇ ਤੇ ਵੈਰਾਗੀ ਬਣਕੇ ਆਪ ਨੇ ਦੇਸ਼ਾਂ-ਦੇਸ਼ਾਂਤਰਾਂ ਦਾ ਰਟਨ ਕੀਤਾ। ਕਹਿੰਦੇ ਹਨ ਕਿ ਇਕ ਦਿਨ-ਰਾਤ ਤੋਂ ਵਧੇਰੇ ਸਮਾਂ ਉਹ ਕਿਸੇ ਦਰੱਖ਼ਤ ਥੱਲੇ ਵੀ ਨਹੀਂ ਸਨ ਠਹਿਰਦੇ। ਭਗਤੀ ਅਤੇ ਵੈਰਾਗ ਦੀ ਉੱਚ ਅਵਸਥਾ ਵਿੱਚ ਮਸਤ ਰਹਿਣਾ ਉਹਨਾਂ ਦੇ ਜੀਵਨ ਦਾ ਦਸਤੂਰ ਬਣ ਚੁੱਕਾ ਸੀ। ਕੁਦਰਤੀ ਨਜ਼ਾਰਿਆਂ ਦੀ ਮਸਤੀ ਮਾਣਦਿਆਂ, ਭਗਤੀ ਰੰਗ ਵਿੱਚ ਖੀਵੇ ਹੋ ਕੇ ਆਪਣੀਆਂ ਮਨ-ਤਰੰਗਾਂ ਨੂੰ ਕਾਵਿ-ਰੂਪ ਵਿੱਚ ਢਾਲਣ ਦੇ ਅਨੁਭਵ ਸਦਕਾ ਉਹ ਵਿਸਮਾਦ ਅਵਸਥਾ ਤੱਕ ਪਹੁੰਚ ਜਾਂਦੇ।

ਭਗਤ ਜੈ ਦੇਵ ਜੀ ਤੀਰਥਾਂ ਦੀ ਯਾਤਰਾ ਕਰਦਿਆਂ ਜਗਨ ਨਾਥ ਵੀ ਪੁੱਜੇ। ਇਹ ਅਸਥਾਨ ਵੈਸ਼ਨਵ ਮਹਾਤਮਾ ਦਾ ਬੜਾ ਪੂਜਨੀਕ ਅਸਥਾਨ ਹੈ ਤੇ ਹਿੰਦੂ ਧਰਮ ਦਾ ਵੱਡਾ ਕੇਂਦਰ ਵੀ ਹੈ। ਇਥੇ ਇਕ ਪੰਡਿਤ ਨੇ ਆਪਣੀ ਲੜਕੀ ਪਦਮਾਵਤੀ ਦੀ ਸ਼ਾਦੀ ਭਗਤ ਜੈ ਦੇਵ ਨਾਲ ਕਰਨੀ ਚਾਹੀ। ਵੈਰਾਗੀ ਭਗਤ ਜੈ ਦੇਵ ਨੂੰ ਅਜਿਹਾ ਪਸੰਦ ਨਹੀਂ ਸੀ। ਉਹ ਆਪਣੀ ਈਸ਼ਵਰ ਭਗਤੀ ਵਿੱਚ ਵਿਘਨ ਪਿਆ ਬਰਦਾਸ਼ਤ ਨਹੀਂ ਸਨ ਕਰ ਸਕਦੇ। ਪ੍ਰੰਤੂ ਪਦਮਾਵਤੀ ਨੇ ਆਪਣੇ ਪਿਤਾ ਦੀ ਅਤੇ ਆਪਣੀ ਇੱਛਾ

**ਭਗਤ ਜੈ ਦੇਵ ਜੀ ਦੇ ਜੀਵਨ-ਦਰਸ਼ਨ ਦਾ ਸਾਰ ਤੱਤ ਫਰੇਬ-ਰਹਿਤ, ਸੱਚੀ-ਸੁੱਚੀ, ਈਸ਼ਵਰ ਭਗਤੀ ਹੈ। ਅਜਿਹੀ ਭਗਤੀ ਕਰਕੇ ਹੀ ਪ੍ਰਾਣੀ ਆਪਣੇ ਜੀਵਨ ਦੇ ਉਦੇਸ਼ ਦੀ ਪੂਰਤੀ ਕਰ ਸਕਦਾ ਹੈ। ਭਗਤ ਜੈ ਦੇਵ ਜੀ ਦੇ ਜੀਵਨ ਤੇ ਰਚਨਾ ਤੋਂ ਮਿਲਣ ਵਾਲਾ ਸੰਦੇਸ਼ ਭਗਤੀ-ਮਾਰਗ 'ਤੇ ਚੱਲਣ ਵਾਲੇ ਸਾਧਕਾਂ ਲਈ ਹੀ ਨਹੀਂ, ਸਗੋਂ ਸਮੁੱਚੀ ਮਾਨਵਤਾ ਲਈ ਵੀ ਪੱਥ-ਪ੍ਰਦਰਸ਼ਕ ਬਣਿਆ ਰਹੇਗਾ। ਪਦਾਰਥਕ ਖੁਸ਼ੀਆਂ ਦੀ ਦੌੜ ਵਿੱਚ ਸ਼ਾਮਲ ਵਰਤਮਾਨ ਦੇ ਮਨੁੱਖ ਲਈ ਅਜਿਹੇ ਸੰਦੇਸ਼ ਦੀ ਸਾਰਥਕਤਾ ਹੋਰ ਵੱਧ ਜਾਂਦੀ ਹੈ।**

ਮੁਤਾਬਿਕ ਭਗਤ ਜੈ ਦੇਵ ਜੀ ਦੇ ਲੜ ਲੱਗਣ ਦਾ ਦ੍ਰਿੜ੍ਹ ਸੰਕਲਪ ਕਰ ਲਿਆ ਸੀ। ਭਗਤ ਜੈ ਦੇਵ ਜੀ ਪਦਮਾਵਤੀ ਦੀ ਸੁਹਿਰਦਤਾ ਅਤੇ ਪ੍ਰੇਮ ਭਗਤੀ ਤੋਂ ਬਹੁਤ ਪ੍ਰਭਾਵਿਤ ਹੋਏ, ਉਸ ਨਾਲ ਸ਼ਾਦੀ ਰਚਾਈ ਅਤੇ ਪਿੰਡੋਂ ਬਾਹਰ ਕੱਖਾਂ ਦੀ ਝੁੱਗੀ ਵਿੱਚ ਨਿਵਾਸ ਕਰਨ ਲੱਗੇ। ਅਜਿਹਾ ਜੀਵਨ-ਨਿਰਵਾਹ ਉਹਨਾਂ ਦੀ ਸਾਦਗੀ ਦਾ ਪ੍ਰਤੱਖ ਪ੍ਰਮਾਣ ਹੈ।

ਭਗਤ ਜੈ ਦੇਵ ਜੀ ਆਦਰਸ਼ਕ-ਗ੍ਰਿਹਸਤੀ, ਉੱਚ ਪੱਧਰੀ ਭਗਤ, ਚੇਤੰਨ ਕਵੀ, ਪ੍ਰੌਢ ਵਿਦਵਾਨ ਹੋਣ ਦੇ ਨਾਲ-ਨਾਲ ਧਰਮ ਅਤੇ ਇਖ਼ਲਾਕ ਨੂੰ ਪ੍ਰਚਾਰਣ ਵਾਲੇ ਵੀ ਸਨ। ਕਹਿੰਦੇ ਹਨ ਆਪ ਆਪਣੇ ਪਿੰਡ ਕੇਂਦਲੀ ਤੋਂ ਹਰ ਰੋਜ਼ 18 ਕੋਹ ਦਾ ਪਥ ਤਹਿ ਕਰਕੇ ਗੰਗਾ ਦਾ ਇਸ਼ਨਾਨ ਕਰਨ ਜਾਂਦੇ ਸਨ, ਪ੍ਰੰਤੂ ਬਿਰਧ ਅਵਸਥਾ ਵਿੱਚ ਪ੍ਰਵੇਸ਼ ਕਰਨ 'ਤੇ ਜਦੋਂ ਇਹ ਅਭਿਆਸ ਕਠਿਨ ਹੁੰਦਾ ਗਿਆ ਤਾਂ ਗੰਗਾ ਨੇ ਆਪਣਾ ਰੁੱਖ ਕੇਂਦਲੀ ਵੱਲ ਹੀ ਕਰ ਲਿਆ। ਇੰਜ, ਆਪ ਦਾ ਇਸ਼ਨਾਨ ਕਰਨ ਦਾ ਨੇਮ ਨਿਭਦਾ ਰਿਹਾ।

ਪ੍ਰੇਮ-ਭਗਤੀ ਵਿੱਚ ਮਸਤ ਜੀਵਨ ਬਤੀਤ ਕਰਦਿਆਂ ਅਤੇ ਮਨੁੱਖੀ ਜੀਵਾਂ ਨੂੰ ਆਪਣੇ ਜੀਵਨ ਤੇ ਉਦੇਸ਼ਾਂ ਰਾਹੀਂ ਪ੍ਰਭੂ-ਭਗਤੀ ਨਾਲ ਜੋੜਨ ਦੇ ਆਦਰਸ਼ ਦੀ ਪੂਰਤੀ ਦੇ ਯਤਨ ਵਿੱਚ ਹੀ ਆਪ ਕੇਂਦਲੀ ਵਿਖੇ ਬ੍ਰਹਮ-ਲੀਨ ਹੋ ਗਏ। ਉਥੇ ਬਣੇ ਮੰਦਿਰ ਵਿੱਚ ਹਰੇਕ ਸਾਲ ਮਾਘ ਦੀ ਸੰਗਰਾਂਦ ਨੂੰ ਵੈਸ਼ਨਵਾਂ

ਆਪਣੀ ਦਸਵੀਂ ਵਾਰ ਵਿੱਚ ਭਗਤ ਜੈ ਦੇਵ ਦੀ ਕੀਰਤੀ ਦਾ ਗੁਣ ਗਾਇਨ ਕੀਤਾ ਹੈ।

ਭਗਤ ਜੈ ਦੇਵ ਜੀ ਨੇ ਦੋ ਗ੍ਰੰਥ 'ਚੰਦਰ ਲੋਕ' ਅਤੇ 'ਰਸਨਾ ਰਾਘਵ' ਲਿਖੇ। 'ਗੀਤ ਗੋਬਿੰਦ' ਜਿਸ ਵਿੱਚ ਕ੍ਰਿਸ਼ਨ ਚਰਿੱਤਰ ਵਰਨਣ ਕੀਤਾ ਗਿਆ ਹੈ, ਨੇ ਜੈ ਦੇਵ ਜੀ ਨੂੰ ਉੱਚ ਕੋਟੀ ਦਾ ਭਗਤ-ਕਵੀ ਬਣਾ ਦਿੱਤਾ। 'ਗੀਤ ਗੋਬਿੰਦ' ਵਿੱਚ ਆਤਮਕ ਬੁਲੰਦੀ ਦੀ ਉਸ ਮੰਜ਼ਿਲ ਦਾ ਜ਼ਿਕਰ ਕੀਤਾ ਹੈ, ਜਿਥੇ ਪਹੁੰਚ ਕੇ ਮਨੁੱਖ ਇਹ ਅਨੁਭਵ ਕਰਦਾ ਹੈ ਕਿ ਸਾਰੀ ਸ੍ਰਿਸ਼ਟੀ-ਰਚਨਾ ਤੇ ਸਾਰੀਆਂ ਵਸਤਾਂ ਪ੍ਰਭੂ ਦੇ ਗੁਣ ਗਾ ਰਹੀਆਂ ਹਨ। ਭਗਤ ਜੈ ਦੇਵ ਜੀ ਨੂੰ ਹਰੇਕ ਪਾਸੇ ਈਸ਼ਵਰ ਦੀ ਜੋਤ ਨਜ਼ਰ ਆਉਂਦੀ ਸੀ। 'ਗੀਤ ਗੋਬਿੰਦ' ਲਿਖਦਿਆਂ ਉਹਨਾਂ ਦਾ ਵਿਚਾਰ ਸੀ ਕਿ ਉਹਨਾਂ ਨੇ ਭਗਵਾਨ ਦੇ ਗੁਣ ਕਥੇ ਹਨ, ਉਸ ਦੀ ਲੀਲਾ ਗਾਈ ਹੈ ਪ੍ਰੰਤੂ ਫਿਰ ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਉਸ ਪ੍ਰਭੂ ਦੇ ਗੁਣ ਤਾਂ ਬਨਸਪਤੀ ਦਾ ਪੱਤਾ ਪੱਤਾ ਗਾ ਰਿਹਾ ਹੈ। ਪੱਤੇ-ਪੱਤੇ 'ਤੇ 'ਗੀਤ ਗੋਬਿੰਦ' ਲਿਖਿਆ ਹੋਇਆ ਹੈ। ਇਸ ਰਚਨਾ ਦੇ 290 ਸਲੋਕ ਤੇ ਛੰਦ ਹਨ ਤੇ 12 ਸਰਗ ਹਨ। ਇਕ-ਇਕ ਸਰਗ ਵਿੱਚ ਕਈ ਪ੍ਰਬੰਧ ਹਨ। ਗੁਜਰੀ, ਬਸੰਤ ਸਮੇਤ ਵੱਖ-ਵੱਖ ਰਾਗ ਅਤੇ ਤਾਲ ਵੀ ਦਰਜ ਕੀਤੇ ਹਨ। ਇਸ ਵਿੱਚ ਸ਼ਿੰਗਾਰ ਰਸ ਦੀ ਭਰਮਾਰ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਭਗਤ ਜੈ ਦੇਵ ਜੀ ਦੇ ਦੋ ਸ਼ਬਦ ਹਨ-ਇਕ ਰਾਗ ਗੂਜਰੀ ਵਿੱਚ ਤੇ ਦੂਜਾ ਰਾਗ ਮਾਰੂ ਵਿੱਚ। ਇਹਨਾਂ ਦੀ ਬੋਲੀ ਪ੍ਰਾਕ੍ਰਿਤਕ ਤੇ ਹਿੰਦੀ ਹੈ। ਇਕ ਸ਼ਬਦ ਵਿੱਚ ਈਸ਼ਵਰ ਦੀ ਹੋਂਦ, ਸੰਜਮੀ ਜੀਵਨ ਤੇ ਪ੍ਰੇਮ ਭਗਤੀ ਦਾ ਵਰਨਣ ਕੀਤਾ ਗਿਆ ਹੈ, ਜਦਕਿ ਦੂਜੇ ਵਿੱਚ ਦਰਸਾਇਆ ਹੈ ਕਿ ਭਗਤੀ ਕਰਕੇ ਯੋਗ ਦੀ ਪਦਵੀ ਪ੍ਰਾਪਤ ਕੀਤੀ ਜਾ ਸਕਦੀ ਹੈ।

ਭਗਤ ਜੈ ਦੇਵ ਜੀ ਅਕਾਲ ਪੁਰਖ ਦੀ ਉਪਮਾਂ ਕਰਦਿਆਂ ਹੋਇਆਂ ਉਸ ਨੂੰ ਹੀ ਸਰਵੋਤਮ ਮੰਨਦੇ ਹਨ। ਉਹਨਾਂ ਅਨੁਸਾਰ ਪ੍ਰਭੂ ਸੱਚ ਨੂੰ ਪਿਆਰ ਕਰਦਾ ਹੈ, ਉਹ ਪਰਮ ਅਦਭੁੱਤ ਹੈ ਤੇ ਮਹਾਨ ਅਸਚਰਜ ਹੈ। ਉਸ ਦਾ ਧਿਆਨ ਕਰਨ ਨਾਲ ਹੀ ਗਤੀ ਪਾਈ ਜਾ ਸਕਦੀ ਹੈ। ਅਜਿਹੇ ਪ੍ਰਭੂ ਦੇ ਨਾਮ ਨੂੰ ਵਿਸਾਰਨਾ ਨਹੀਂ ਚਾਹੀਦਾ, ਅੰਮ੍ਰਿਤ ਨਾਮ ਜੋ ਸਾਰੇ ਸੰਸਾਰ ਦਾ ਤੱਤ ਹੈ, ਨੂੰ ਜਪਣਾ ਚਾਹੀਦਾ ਹੈ। ਉਸ ਦੇ ਨਾਮ ਦਾ ਜਾਪ ਕਰਨ ਨਾਲ ਜਨਮ, ਬੁਢੇਪੇ ਅਤੇ ਮੌਤ ਦਾ ਡਰ ਦੁੱਖ ਨਹੀਂ ਦਿੰਦਾ। ਭਗਤ ਜੈ ਦੇਵ ਜੀ ਨੇ ਮਨੁੱਖ ਨੂੰ ਸ਼ੁਭ ਕਰਮ ਕਰਨ ਦੀ ਪ੍ਰੇਰਨਾ ਵੀ ਦਿੱਤੀ। ਪ੍ਰਭੂ-ਭੂਤ, ਭਵਿੱਖ ਅਤੇ ਵਰਤਮਾਨ ਤਿੰਨਾਂ ਕਾਲਾਂ ਵਿੱਚ ਇਕ ਰਸ ਹੈ। ਉਹ ਹੀ ਅਸਲ ਵਿੱਚ ਪਰਮਾਨੰਦ ਰੂਪ ਹੈ, ਪ੍ਰਭੂ ਭਗਤੀ ਮਨ, ਬਚਨ ਅਤੇ ਕਰਮ ਨਾਲ ਕਰਨੀ ਚਾਹੀਦੀ ਹੈ। ਪ੍ਰਭੂ ਹੀ ਭੂਤ, ਵਰਤਮਾਨ ਤੇ ਭਵਿੱਖ ਵਿੱਚ ਪ੍ਰਾਣੀ ਦੀ ਗਤੀ ਕਰਦਾ ਹੈ।

ਭਗਤ ਜੈ ਦੇਵ ਜੀ ਨੇ ਮਨੁੱਖੀ ਸਰੀਰ ਨੂੰ ਨਾਸ਼ਵਾਨ ਦੱਸਿਆ ਹੈ ਅਤੇ ਕਿਹਾ ਹੈ ਕਿ ਇਹ ਮਨੁੱਖੀ ਸਰੀਰ ਕੇਵਲ ਚਾਰ ਦਿਨਾਂ ਦਾ ਪ੍ਰਾਹੁਣਾ ਹੈ, ਇਸ ਦਾ ਸਦ-ਉਪਯੋਗ ਕਰਨਾ ਚਾਹੀਦਾ ਹੈ। ਪ੍ਰਭੂ ਸਿਮਰਨ ਨਾਲ ਹੀ ਸ਼ਕਤੀ ਮਿਲ ਸਕਦੀ ਹੈ। ਲੋਭ, ਲਾਲਚ ਤੋਂ ਰਹਿਤ ਹੋ ਕੇ ਰੱਬ ਦੀ ਸੱਚੀ ਭਗਤੀ ਵਿੱਚ ਲੀਨ ਹੋ ਜਾਣਾ ਚਾਹੀਦਾ ਹੈ। ਉਹਨਾਂ ਦੇ ਜੀਵਨ-ਦਰਸ਼ਨ ਦਾ ਸਾਰ ਤੱਤ ਫਰੇਬ-ਰਹਿਤ, ਸੱਚੀ-ਸੁੱਚੀ, ਈਸ਼ਵਰ ਭਗਤੀ ਹੈ। ਅਜਿਹੀ ਭਗਤੀ ਕਰਕੇ ਹੀ ਪ੍ਰਾਣੀ ਆਪਣੇ ਜੀਵਨ ਦੇ ਉਦੇਸ਼ ਦੀ ਪੂਰਤੀ ਕਰ ਸਕਦਾ ਹੈ। ਭਗਤ ਜੈ ਦੇਵ ਜੀ ਦੇ ਜੀਵਨ ਤੇ ਰਚਨਾ ਤੋਂ ਮਿਲਣ ਵਾਲਾ ਸੰਦੇਸ਼ ਭਗਤੀ-ਮਾਰਗ 'ਤੇ ਚੱਲਣ ਵਾਲੇ ਸਾਧਕਾਂ ਲਈ ਹੀ ਨਹੀਂ, ਸਗੋਂ ਸਮੁੱਚੀ ਮਾਨਵਤਾ ਲਈ ਵੀ ਪੱਥ-ਪ੍ਰਦਰਸ਼ਕ ਬਣਿਆ ਰਹੇਗਾ। ਪਦਾਰਥਕ ਖੁਸ਼ੀਆਂ ਦੀ ਦੌੜ ਵਿੱਚ ਸ਼ਾਮਲ ਵਰਤਮਾਨ ਦੇ ਮਨੁੱਖ ਲਈ ਅਜਿਹੇ ਸੰਦੇਸ਼ ਦੀ ਸਾਰਥਕਤਾ ਹੋਰ ਵੱਧ ਜਾਂਦੀ ਹੈ।

# ਵੈਨਕੂਵਰ ਦੇ ਮੇਅਰ ਵਲੋਂ ਪੰਜਾਬੀ ਅਤੇ ਸਿੱਖ ਭਾਈਚਾਰੇ ਦੀ ਸ਼ਲਾਘਾ

'ਨੌਜਵਾਨ ਪੀੜ੍ਹੀ ਲਈ ਇਹ ਗੱਲ ਬੜੀ ਉਤਸ਼ਾਹਜਨਕ ਹੈ ਕਿ ਜੇ ਮੈਂ ਪੰਜਾਬੀ ਸਿਖ ਸਕਦਾ ਹਾਂ ਤਾਂ ਉਹ ਕਿਉਂ ਨਹੀਂ ਸਿਖ ਸਕਦੇ' ਇਹ ਵਿਚਾਰ ਵੈਨਕੂਵਰ ਦੇ ਮੇਅਰ ਸੈਮ ਸੁਲੀਵਾਨ ਨੇ ਗੁਰਦੁਆਰਾ ਖਾਲਸਾ ਦਰਬਾਰ ਵੈਨਕੂਵਰ ਵਿਖੇ ਪੱਤਰਕਾਰਾਂ ਵਲੋਂ ਪੁੱਛੇ ਗਏ ਸਵਾਲ ਦਾ ਉੱਤਰ ਦਿੰਦਿਆਂ ਦਿੱਤਾ। ਪੰਜਾਬੀ ਸਿੱਖਣ ਪ੍ਰਤੀ ਆਪਣਾ ਸ਼ੌਕ ਪ੍ਰਗਟ ਕਰਦਿਆਂ ਮੇਅਰ ਨੇ ਕਿਹਾ ਕਿ ਦੂਸਰੀ ਭਾਸ਼ਾ ਦਾ ਗਿਆਨ ਪ੍ਰਾਪਤ ਕਰਨਾ ਹਰ ਕਿਸੇ ਲਈ ਬਹੁਤ ਚੰਗੀ ਗੱਲ ਹੈ ਤੇ ਨੌਜਵਾਨ ਪੀੜ੍ਹੀ ਨੂੰ ਚਾਹੀਦਾ ਹੈ ਕਿ ਉਹ ਆਪਣੀ ਬੋਲੀ ਅਤੇ ਪਿਛੋਕੜ ਨੂੰ ਕਦੇ ਨਾ ਭੁੱਲਣ। ਸੈਮ ਸੁਲੀਵਾਨ ਗੁਰਦੁਆਰਾ ਖਾਲਸਾ ਦਰਬਾਰ ਵੈਨਕੂਵਰ ਦੀ ਨਵੀਂ ਇਮਾਰਤ ਦੇ ਉਦਘਾਟਨ ਲਈ ਵਿਸ਼ੇਸ਼ ਤੌਰ 'ਤੇ ਪਹੁੰਚੇ ਸਨ। ਐਤਵਾਰ 9 ਸਤੰਬਰ ਨੂੰ ਸੰਗਤਾਂ ਨਾਲ ਭਰੇ ਹਾਲ ਵਿਖੇ ਸੰਬੋਧਨ ਕਰਦਿਆਂ ਸੈਮ ਸੁਲੀਵਾਨ ਨੇ ਸਰਬੱਤ ਦਾ ਭਲਾ ਮੰਗਣ ਵਾਲੇ ਸਿੱਖੀ ਸਿਧਾਂਤਾਂ ਅਤੇ ਸਿੱਖ ਭਾਈਚਾਰੇ ਵਲੋਂ ਕੈਨੇਡਾ ਦੀ ਤਰੱਕੀ ਦੇ ਹਰ ਖੇਤਰ ਵਿੱਚ ਪਾਏ ਯੋਗਦਾਨ ਦੀ ਸ਼ਲਾਘਾ ਕੀਤੀ। ਉਨ੍ਹਾਂ ਨੀਲੇ ਰੰਗ ਦੀ ਦਸਤਾਰ ਸਜਾਈ ਹੋਈ ਸੀ। ਉਨ੍ਹਾਂ ਆਪਣੀ ਪੰਜਾਬੀ ਦੀ ਸੰਖੇਪ ਤਕਰੀਰ ਵਿੱਚ ਅੱਗੇ ਬੋਲਦਿਆਂ ਕਿਹਾ ਕਿ ਮੈਨੂੰ ਅੱਜ ਗੁਰਦੁਆਰਾ ਖਾਲਸਾ ਦਰਬਾਰ ਦੀ ਨਵੀਂ ਇਮਾਰਤ ਦੇ ਉਦਘਾਟਨ ਦੇ ਸ਼ੁਭ ਮੌਕੇ 'ਤੇ ਸਾਰੀ ਸੰਗਤ ਦੇ ਦਰਸ਼ਨ ਕਰਕੇ ਬਹੁਤ ਖੁਸ਼ੀ ਹੋਈ ਹੈ। ਮੈਂ ਵੈਨਕੂਵਰ ਸਿਟੀ ਦੇ ਸਾਰੇ ਕੌਂਸਲਰਾਂ ਵਲੋਂ ਗੁਰਦੁਆਰਾ ਸਾਹਿਬ ਦੀ ਕਮੇਟੀ ਅਤੇ ਸਾਧ ਸੰਗਤ ਨੂੰ ਲੱਖ-ਲੱਖ ਵਧਾਈ ਦਿੰਦਾ ਹਾਂ। ਮੈਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋਈ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰੀ ਬਾਣੀ ਹੀ, **'ਏਕ ਪਿਤਾ ਏਕਸ ਕੇ ਹਮ ਬਾਰਿਕ'**, **'ਨਾ ਕੋ ਬੈਰੀ ਨਹੀਂ ਬੇਗਾਨਾ'** ਅਤੇ ਸਰਬੱਤ ਦੇ ਭਲੇ ਦਾ ਸੰਦੇਸ਼ ਦਿੰਦੀ ਹੈ।

ਮੈਨੂੰ ਇਸ ਗੱਲ ਦੀ ਬਹੁਤ ਖੁਸ਼ੀ ਹੈ ਕਿ ਸਿੱਖ ਭਾਈਚਾਰੇ ਨੇ ਇੱਥੇ ਹਰ ਪੱਖੋਂ ਬਹੁਤ ਤਰੱਕੀ ਕੀਤੀ ਹੈ ਅਤੇ ਕੈਨੇਡਾ ਦੀ ਤਰੱਕੀ ਦੇ ਹਰ ਖੇਤਰ ਵਿੱਚ ਭਰਪੂਰ ਯੋਗਦਾਨ ਪਾਇਆ ਹੈ। ਮੈਂ ਵਾਹਿਗੁਰੂ ਅੱਗੇ ਅਰਦਾਸ ਕਰਦਾ ਹਾਂ ਕਿ ਉਹ ਸਭ ਨੂੰ ਸੁੱਖ, ਸ਼ਾਂਤੀ ਅਤੇ ਏਕਤਾ ਪ੍ਰਦਾਨ ਕਰੇ। ਮੈਂ ਸਮਾਂ ਮਿਲਣ ਤੇ ਪੰਜਾਬੀ ਅਤੇ ਗੁਰਮਤਿ ਬਾਰੇ ਸਿੱਖਣ ਦੀ ਕੋਸ਼ਿਸ਼ ਕਰਦਾ ਹਾਂ। ਸ੍ਰ: ਗਿਆਨ ਸਿੰਘ ਕੋਟਲੀ ਮੇਰੇ ਅਧਿਆਪਕ ਹਨ। ਗਲਤੀ ਹੋਵੇ ਤਾਂ ਮੁਆਫ ਕਰਨਾ। ਸਟੇਜ ਸਕੱਤਰ ਸ੍ਰ: ਕਰਮ ਸਿੰਘ ਨੇ ਵੈਨਕੂਵਰ ਮੇਅਰ ਦੀ ਖੁੱਲਦਿਲੀ ਅਤੇ ਸਾਫ ਦਿਲੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਕ ਗੋਰੇ ਮੇਅਰ ਵਲੋਂ ਪੰਜਾਬੀ ਅਤੇ ਸਿੱਖੀ ਆਦੇਸ਼ਾਂ ਬਾਰੇ ਏਨੀ ਚੰਗੀ ਗੱਲ ਕਹਿ ਦੇਣੀ ਸਾਡੇ ਸਭ ਦੇ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ। ਗੁਰੂ ਘਰ ਵਲੋਂ ਸੈਮੀ ਸੁਲੀਵਾਨ ਨੂੰ ਸਨਮਾਨਿਤ ਕੀਤਾ ਗਿਆ।

ਬਿਨੁ ਭਗਤੀ ਬਿਸਟਾ ਵਿਚਿ ਵਾਸਾ ਬਿਸਟਾ ਵਿਚਿ ਫਿਰਿ ਪਾਇਦਾ ॥ (ਪੰਨਾ ੧੦੬੧)